ਨੰ: 12/59/94-5 ਸਿ 5/20118

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਤੇ ਸੈਸ਼ਨ ਜੱਜ, ਸਮੂਹ ਸਿਵਲ ਸਰਜਨ,
ਉਪ ਮੰਡਲ ਅਫ਼ਸਰ (ਸਿਵਲ) ਅਤੇ
ਪ੍ਰਿੰਸੀਪਲ, ਮੈਡੀਕਲ ਕਾਲਜ, ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 22-6-1994

ਵਿਸ਼ਾ :- ਪੰਜਾਬ ਸਰਵਿਸਿਜ਼ (ਮੈਡੀਕਲ ਅਟੈਂਡੈਂਸ) ਰੂਲਜ਼ 1940- ਮੈਡੀਕਲ ਬਿੱਲਾਂ ਵਿੱਚੋਂ ਪ੍ਰਤੀ-ਪੂਰਤੀ ਯੋਗ/ਨਾ-ਪ੍ਰਤੀ-ਪੂਰਤੀ ਯੋਗ ਦਵਾਈਆਂ ਬਾਰੇ ਸਪੱਸ਼ਟੀਕਰਣ ਲੈਣ ਬਾਰੇ ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਅਤੇ ਲਿਖਣ ਦੀ ਹਦਾਇਤ ਹੋਈ ਹੈ ਕਿ ਮੈਡੀਕਲ ਪ੍ਰਤੀ-ਪੂਰਤੀ ਦੇ ਕੇਸਾਂ ਵਿੱਚ ਵਿਭਾਗਾਂ ਵੱਲੋਂ ਮੈਡੀਕਲ ਬਿੱਲ ਵਿੱਚ ਪ੍ਰਤੀ-ਪੂਰਤੀ ਯੋਗ ਅਤੇ ਨਾ-ਪ੍ਰਤੀ-ਪੂਰਤੀ ਯੋਗ ਦਵਾਈਆਂ/ਆਈਟਮਾਂ ਬਾਰੇ ਸਪੱਸ਼ਟੀਕਰਣ ਲੈਣ ਲਈ ਸਿਹਤ ਵਿਭਾਗ ਨੂੰ ਬਹੁਤ ਸਾਰੇ ਕੇਸ ਭੇਜੇ ਜਾਂਦੇ ਹਨ । ਸਿਹਤ ਵਿਭਾਗ ਵੱਲੋਂ ਅਜਿਹੇ ਸਾਰੇ ਬਿੱਲ, ਲੋੜੀਂਦਾ ਸਪੱਸ਼ਟੀਕਰਣ ਲੈਣ ਵਾਸਤੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ ਭੇਜੇ ਜਾਂਦੇ ਹਨ । ਅਜਿਹਾ ਕਰਨ ਨਾਲ ਜਿੱਥੇ ਕੇਸਾਂ ਦੇ ਨਿਪਟਾਰੇ ਵਿੱਚ ਅਣਚਾਹੀ ਦੇਰੀ ਹੁੰਦੀ ਹੈ, ਉਥੇ ਸਿਹਤ ਵਿਭਾਗ ਦਾ ਕੰਮ ਵੀ ਵੱਧ ਜਾਂਦਾ ਹੈ ।

2. ਇਸ ਮਾਮਲੇ ਨੂੰ ਗਹੁ ਨਾਲ ਵਿਚਾਰਣ ਬਾਅਦ ਫ਼ੈਸਲਾ ਕੀਤਾ ਗਿਆ ਹੈ ਕਿ ਮੈਡੀਕਲ ਕਲੇਮਾਂ ਵਿੱਚੋਂ ਪ੍ਰਤੀ-ਪੂਰਤੀ ਯੋਗ ਅਤੇ ਨਾ-ਪ੍ਰਤੀ-ਪੂਰਤੀ ਯੋਗ ਦਵਾਈਆਂ/ਆਈਟਮਾਂ ਬਾਰੇ ਸਪੱਸ਼ਟੀਕਰਣ ਜ਼ਿਲ੍ਹਾ ਪੱਧਰ ਦੇ ਦਫ਼ਤਰਾਂ ਵੱਲੋਂ ਸਿਵਲ ਸਰਜਨਾਂ ਪਾਸੋਂ ਸਿੱਧਾ ਹੀ ਮੰਗ ਲਿਆ ਜਾਵੇ ਅਤੇ ਹੈਡਕੁਆਟਰ ਤੇ ਇਹ ਸਪੱਸ਼ਟੀਕਰਣ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪਾਸੋਂ ਮੰਗ ਲਿਆ ਜਾਵੇ ।

3. ਉਕਤ ਫ਼ੈਸਲੇ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਵਿਸ਼ਵਾਸਪਾਤਰ,
ਸਹੀ/-
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਸਿਹਤ

ਵੱਲ

**ਸਮੂਹ ਵਿੱਤੀ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ,**
**ਪੰਜਾਬ ਸਰਕਾਰ ।**

ਅੰ: ਵਿ: ਪੱ: ਨੰ: 12/59/94-5 ਸਿ 5/20119 ਮਿਤੀ, ਚੰਡੀਗੜ੍ਹ 22-6-1994

ਪਿੱਠ ਅੰਕਣ ਨੰ: 12/59/94-5 ਸਿ 5/20120 ਮਿਤੀ, ਚੰਡੀਗੜ੍ਹ 22-6-1994

ਇਸ ਦਾ ਇਕ ਉਤਾਰਾ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ।

ਸਹੀ/-
ਉਪ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਵਿੱਤ ਵਿਭਾਗ,ਪੰਜਾਬ ਸਰਕਾਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਉਪ ਸਕੱਤਰ ਸਿਹਤ

ਵੱਲ

ਵਿੱਤ ਵਿਭਾਗ, ਪੰਜਾਬ ਸਰਕਾਰ ।

ਅੰ: ਵਿ: ਪੱ: ਨੰ: 12/59/94-5 ਸਿ 5/20121 ਮਿਤੀ, ਚੰਡੀਗੜ੍ਹ 22-6-1994

ਨੰ: 12/59/94-5 ਸਿ 5/27717

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਵੱਲ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਜ਼ਿਲ੍ਹਾ ਤੇ ਸੈਸ਼ਨ ਜੱਜ, ਸਮੂਹ ਸਿਵਲ ਸਰਜਨ,
ਉਪ ਮੰਡਲ ਅਫ਼ਸਰ (ਸਿਵਲ) ਅਤੇ
ਪ੍ਰਿੰਸੀਪਲ, ਮੈਡੀਕਲ ਕਾਲਜ, ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ ।

ਮਿਤੀ, ਚੰਡੀਗੜ੍ਹ 9 ਸਤੰਬਰ, 1994.

ਵਿਸ਼ਾ :- ਪੰਜਾਬ ਸਰਵਿਸਿਜ਼ (ਮੈਡੀਕਲ ਅਟੈਂਡੈਂਸ) ਰੂਲਜ਼ 1940-ਮੈਡੀਕਲ ਬਿੱਲਾਂ ਦੀ ਪ੍ਰਤੀ-ਪੂਰਤੀ ਬਾਰੇ ਸਟੈਂਡਿੰਗ ਮੈਡੀਕਲ ਬੋਰਡ ਦੀ ਸਲਾਹ ਲੈਣ ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮੈਡੀਕਲ ਪ੍ਰਤੀ-ਪੂਰਤੀ ਦੇ ਕੇਸਾਂ ਵਿੱਚ ਮੈਡੀਕਲ ਬੋਰਡ ਦੀਆਂ ਸਿਫਾਰਸ਼ਾਂ ਪ੍ਰਾਪਤ ਕਰਨ ਜਾਂ ਇਲਾਜ ਕਰਵਾਉਣ ਲਈ ਪੂਰਵ ਪ੍ਰਵਾਨਗੀ/ਕਾਰਜ ਬਾਅਦ ਪ੍ਰਵਾਨਗੀ ਲੈਣ ਹਿੱਤ ਬਹੁਤ ਸਾਰੇ ਕੇਸ ਵੱਖ-ਵੱਖ ਵਿਭਾਗਾਂ ਵਲੋਂ ਸਿਹਤ ਵਿਭਾਗ ਨੂੰ ਭੇਜੇ ਜਾਂਦੇ ਹਨ । ਜਦੋਂ ਕਿ ਮੈਡੀਕਲ ਬੋਰਡ ਦੀ ਸਥਾਪਨਾ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਦੇ ਦਫ਼ਤਰ ਵਿੱਚ ਕੀਤੀ ਹੋਈ ਹੈ । ਇਸ ਮਾਮਲੇ ਨੂੰ ਵਿਚਾਰਨ ਬਾਅਦ ਫ਼ੈਸਲਾ ਕੀਤਾ ਗਿਆ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਇਹ ਕੇਸ, ਰਾਜ ਤੋਂ ਬਾਹਰ ਸਰਕਾਰੀ ਜਾਂ ਗ਼ੈਰ-ਸਰਕਾਰੀ ਅਤੇ ਰਾਜ ਦੇ ਅੰਦਰ ਗ਼ੈਰ -ਸਰਕਾਰੀ ਹਸਪਤਾਲਾਂ ਵਿੱਚੋਂ ਇਲਾਜ ਕਰਾਉਣ ਲਈ ਮੈਡੀਕਲ ਬੋਰਡ ਦੀ ਪੂਰਵ ਪ੍ਰਵਾਨਗੀ/ਕਾਰਜ ਬਾਅਦ ਪ੍ਰਵਾਨਗੀ ਲੈਣ ਉਪਰੰਤ ਹੀ ਸਿਹਤ ਵਿਭਾਗ ਨੂੰ ਭੇਜੇ ਜਾਇਆ ਕਰਨ ਅਤੇ ਇਸ ਮੰਤਵ ਲਈ ਵਿਭਾਗ, ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਨਾਲ ਸਿੱਧਾ ਸੰਪਰਕ ਕਰਨ ।

2. ਉਕਤ ਫ਼ੈਸਲੇ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਵਿਸ਼ਵਾਸਪਾਤਰ,
ਸਹੀ/-
(ਬੀ. ਐਸ. ਸੂਦਨ)
ਸੰਯੁਕਤ ਸਕੱਤਰ ਸਿਹਤ

ਇਸ ਦਾ ਇਕ ਉਤਾਰਾ ਸਾਰੇ ਪ੍ਰਿੰਸੀਪਲ ਸਕੱਤਰਾਂ/ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹੀ/-

ਸੰਯੁਕਤ ਸਕੱਤਰ ਵਿੱਤ

ਵੱਲ

ਪ੍ਰਿੰਸੀਪਲ ਸਕੱਤਰ/ਵਿੱਤੀ ਕਮਿਸ਼ਨਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ ।

ਅੰ: ਵਿ: ਪੱ: ਨੰ: 12/59/94-5 ਸਿ 5/27718      ਮਿਤੀ, ਚੰਡੀਗੜ੍ਹ 9-9-1994